# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

# 08:30

**ਮਿਤੀ :15-09-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਸਰਕਾਰ ਨੇ ਕਿਹਾ ਹੈ ਕਿ 2000 ਰੁਪਏ ਤੱਕ ਦੇ UPI ਭੁਗਤਾਨ ਤੇ ਬੈਂਕ ਕੋਈ ਚਾਰਜ ਨਹੀਂ ਲਗਾ ਸਕਦੇ।

- ਪ੍ਰਤਿਸ਼ਠਤ 'ਵਰਲਡ ਸਰਕੂਲਰ ਇਕਾਨਮੀ ਫੋਰਮ 2026 ਸੰਮੇਲਨ ' ਅੱਜ ਤੋਂ ਗਾਂਧੀਨਗਰ 'ਚ ਸ਼ੁਰੂ ਹੋ ਰਿਹਾ ਏ |

- ਭਾਰਤ ਅਤੇ ਕੈਨੇਡਾ ਵਿਚਕਾਰ ਤਜਵੀਜ਼ਸ਼ੁਦਾ ਵਿਆਪਕ ਵਪਾਰ ਸਮਝੌਤੇ ਤੇ ਗੱਲਬਾਤ ਦਾ ਅਗਲਾ ਗੇੜ ਨਵੀਂ ਦਿੱਲੀ ਵਿੱਚ ਸ਼ੁਰੂ ਹੋ ਗਿਆ |

- ਚੀਫ ਜਸਟਿਸ ਸੂਰਿਆ ਕਾਂਤ ਨੇ ਜੱਜਾਂ ਵਿਰੁੱਧ ਸ਼ਿਕਾਇਤਾਂ ਦੇ ਨਿਪਟਾਰੇ ਲਈ ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਵੱਲੋਂ ਵਿਕਸਤ ਪ੍ਰਣਾਲੀ ਨੂੰ ਮਜ਼ਬੂਤ ਤੇ ਕਾਰਗਰ ਦੱਸਿਆ ਏ।

- ਭਾਰਤ ਅਤੇ ਅਫਗਾਨਿਸਤਾਨ ਵਿਚਕਾਰ ਦੂਜਾ 20-20 ਅੰਤਰਰਾਸ਼ਟਰੀ ਕ੍ਰਿਕੇਟ ਮੈਚ ਅੱਜ ਦਿੱਲੀ ਵਿੱਚ ਖੇਡਿਆ ਜਾਏਗਾ |

***<u>ਹੁਣ ਖਬਰਾਂ ਵਿਸਥਾਰ ਨਾਲ</u>***

ਸਰਕਾਰ ਨੇ ਕਿਹਾ ਹੈ ਕਿ ਬੈਂਕ ਯੂਨੀਫਾਈਡ ਪੇਮੈਂਟਸ ਇੰਟਰਫੇਸ (UPI) ਜਾਂ RuPay-ਦੁਆਰਾ ਸੰਚਾਲਤ ਡੈਬਿਟ ਕਾਰਡਾਂ ਰਾਹੀਂ ਕੀਤੇ ਗਏ 2,000 ਰੁਪਏ ਤੱਕ ਦੇ ਲੈਣ-ਦੇਣ ਜਾਂ ਭੁਗਤਾਨਾਂ 'ਤੇ ਚਾਰਜ ਨਹੀਂ ਲਗਾ ਸਕਦੇ। ਇੱਕ ਸਰਕਾਰੀ ਗਜ਼ਟ ਨੋਟੀਫਿਕੇਸ਼ਨ ਅਨੁਸਾਰ, ਕੋਈ ਵੀ ਬੈਂਕ ਜਾਂ ਭੁਗਤਾਨ ਪ੍ਰਣਾਲੀ ਮੁਹਈਆ ਕਰਨ ਨਾਲ ਇਹਨਾਂ ਤਰੀਕਿਆਂ ਰਾਹੀਂ ਲੈਣ-ਦੇਣ ਕਰਨ ਵਾਲੇ ਵਿਅਕਤੀਆਂ 'ਤੇ ਸਿੱਧੇ ਜਾਂ ਅਸਿੱਧੇ ਚਾਰਜ ਨਹੀਂ ਲਗਾ ਸਕਦਾ। ਵਿੱਤ ਮੰਤਰਾਲੇ ਨੇ UPI ਲੈਣ-ਦੇਣ 'ਤੇ ਚਾਰਜਾਂ ਸੰਬੰਧੀ ਨਿਯਮਾਂ ਨੂੰ ਸਪੱਸ਼ਟ ਕਰਨ ਲਈ ਭੁਗਤਾਨ ਅਤੇ ਸੈਟਲਮੈਂਟ ਸਿਸਟਮ ਐਕਟ ਤਹਿਤ ਇਹਨਾਂ ਬਦਲਾਵਾਂ ਨੂੰ ਨੋਟੀਫਾਈ ਕੀਤਾ ਏ। ਖਾਸ ਤੌਰ 'ਤੇ, UPI ਅਤੇ RuPay-ਸਮਰੱਥ ਡੈਬਿਟ ਕਾਰਡਾਂ ਰਾਹੀਂ ਕੀਤੇ ਗਏ 2,000 ਰੁਪਏ ਤੱਕ ਦੇ ਲੈਣ-ਦੇਣ ਨੂੰ ਇਲੈਕਟ੍ਰਾਨਿਕ

ਭੁਗਤਾਨ ਵਿਧੀਆਂ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ। ਪਿਛਲੇ ਮਹੀਨੇ, ਸਰਕਾਰ ਨੇ ਸਪੱਸ਼ਟ ਕੀਤਾ ਸੀ ਕਿ ਖਪਤਕਾਰਾਂ ਤੋਂ UPI ਭੁਗਤਾਨਾਂ ਲਈ ਚਾਰਜ ਨਹੀਂ ਲਏ ਜਾਣਗੇ। ਭਵਿੱਖ ਵਿੱਚ ਲਾਗੂ ਹੋਣ ਵਾਲੀ ਕੋਈ ਵੀ ਵਪਾਰੀ ਛੋਟ ਦਰ (MDR) ਨਿਰਧਾਰਤ ਸੀਮਾ ਤੋਂ ਵੱਧ ਦੇ ਚੋਣਵੇਂ ਲੈਣ-ਦੇਣ ਤੱਕ ਸੀਮਿਤ ਰਹੇਗੀ। ਇਹ CHARGE ਡੈਬਿਟ ਜਾਂ ਕ੍ਰੈਡਿਟ ਕਾਰਡ ਲੈਣ-ਦੇਣ 'ਤੇ ਲਾਗੂ MDR ਨਾਲੋਂ ਕਾਫ਼ੀ ਘੱਟ ਹੋਣਗੇ।

---

ਪ੍ਰਤਿਸ਼ਠਤ 'ਵਰਲਡ ਸਰਕੂਲਰ ਇਕਾਨਮੀ ਫੋਰਮ 2026' ਅੱਜ ਗੁਜਰਾਤ ਦੇ ਗਾਂਧੀਨਗਰ ਸਥਿਤ ਮਹਾਤਮਾ ਮੰਦਰ 'ਚ ਸ਼ੁਰੂ ਹੋਏਗੀ | ਦੱਖਣੀ ਏਸ਼ੀਆ ਵਿੱਚ ਪਹਿਲੀ ਵਾਰ ਆਯੋਜਿਤ ਹੋ ਰਹੀ ਇਸ ਕਾਨਫਰੰਸ ਦਾ ਉਦਘਾਟਨ ਕੇਂਦਰੀ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਤਬਦੀਲੀ ਬਾਰੇ ਮੰਤਰੀ ਭੁਪਿੰਦਰ ਯਾਦਵ ਅਤੇ ਗੁਜਰਾਤ ਦੇ ਮੁੱਖ ਮੰਤਰੀ ਭੁਪਿੰਦਰ ਪਟੇਲ ਸਾਂਝੇ ਤੌਰ 'ਤੇ ਕਰਨਗੇ। ਇਸ ਸਮਾਗਮ ਵਿੱਚ 65 ਤੋਂ ਵੱਧ ਦੇਸ਼ਾਂ ਦੇ 2,000 ਤੋਂ ਵੱਧ ਹਿੱਸੇਦਾਰ ਸ਼ਾਮਲ ਹੋਣਗੇ; ਇਹ ਸਮਾਗਮ 'ਸਰਕੂਲਰ ਇਕਾਨਮੀ: ਲੋਕਾਂ ਅਤੇ ਖੁਸ਼ਹਾਲੀ ਲਈ ਤਬਦੀਲੀ' ਦੇ ਵਿਸ਼ੇ 'ਤੇ ਆਯੋਜਿਤ ਕੀਤਾ ਜਾ ਰਿਹਾ ਹੈ। ਦੋ ਦਿਨਾਂ ਸਮਾਰੋਹ ਦੌਰਾਨ, 4 ਮੁੱਖ ਸੈਸ਼ਨ ਅਤੇ 16 ਵਿਸ਼ਾ-ਅਧਾਰਿਤ ਸੈਸ਼ਨ ਹੋਣਗੇ , ਜਿਨ੍ਹਾਂ ਵਿੱਚ AI (ਆਰਟੀਫੀਸ਼ੀਅਲ ਇੰਟੈਲੀਜੈਂਸ) ਦੀ ਵਰਤੋਂ,

ਸਾਫ਼ ਸੁਥਰੀ ਊਰਜਾ, ਟਿਕਾਊ ਵਿੱਤ, ਸ਼ਾਸਨ ਅਤੇ ਸਟਾਰਟ-ਅੱਪ ਈਕੋਸਿਸਟਮ ਵਰਗੇ ਅਹਿਮ ਖੇਤਰ ਸ਼ਾਮਲ ਹੋਣਗੇ।

---------------------------------------------------------------------

ਵਿਦੇਸ਼ ਮੰਤਰੀ ਡਾ। ਐਸ. ਜੈਸ਼ੰਕਰ ਨੇ ਕਿਹਾ ਹੈ ਕਿ ਵੀਅਤਨਾਮ ਭਾਰਤ ਦੀ Act East Policy, 'ਸਾਗਰ ਵਿਜ਼ਨ' (SAGAR Vision) ਅਤੇ ਹਿੰਦ ਪ੍ਰਸ਼ਾਂਤ ਪਹੁੰਚ ਵਿੱਚ ਇੱਕ ਅਹਿਮ ਭਾਈਵਾਲ ਹੈ। ਨਵੀਂ ਦਿੱਲੀ ਵਿਖੇ ਵਪਾਰ, ਆਰਥਿਕ, ਵਿਗਿਆਨਕ ਅਤੇ ਤਕਨੀਕੀ ਸਹਿਯੋਗ ਬਾਰੇ ਭਾਰਤ-ਵੀਅਤਨਾਮ ਸੰਯੁਕਤ ਕਮਿਸ਼ਨ ਦੀ 19ਵੀਂ ਮੀਟਿੰਗ ਦੀ ਸਹਿ-ਪ੍ਰਧਾਨਗੀ ਕਰਦਿਆਂ, ਡਾ. ਜੈਸ਼ੰਕਰ ਨੇ ਕਿਹਾ ਕਿ ਵੀਅਤਨਾਮ ASEAN ਨਾਲ 'ਵਿਆਪਕ ਰਣਨੀਤਕ ਭਾਈਵਾਲੀ' ਦੇ ਢਾਂਚੇ ਤਹਿਤ ਇੱਕ ਮਹੱਤਵਪੂਰਨ ਭਾਈਵਾਲ ਹੈ। ਉਨ੍ਹਾਂ ਕਿਹਾ ਕਿ ਇਹ ਮੀਟਿੰਗ ਸਮਝੌਤਿਆਂ ਦੇ ਅਮਲ ਦੀ ਸਮੀਖਿਆ ਕਰਨ ਅਤੇ ਦੋਵਾਂ ਦੇਸ਼ਾਂ ਵਿਚਕਾਰ ਉੱਚ-ਪੱਧਰੀ ਰਾਜਨੀਤਕ ਗਤੀਸ਼ੀਲਤਾ ਨੂੰ ਠੋਸ ਨਤੀਜਿਆਂ ਵਿੱਚ ਬਦਲਣ ਦਾ ਮੌਕਾ ਏ । ਵਿਦੇਸ਼ ਮੰਤਰੀ ਨੇ ਅੱਗੇ ਕਿਹਾ ਕਿ ਤਿੰਨ ਸਾਲ ਪਹਿਲਾਂ ਹੋਈ ਸੰਯੁਕਤ ਕਮਿਸ਼ਨ ਦੀ ਪਿਛਲੀ ਮੀਟਿੰਗ ਤੋਂ ਬਾਅਦ ਦੁਵੱਲੇ ਸਬੰਧਾਂ ਵਿੱਚ ਕਾਫ਼ੀ ਪ੍ਰਗਤੀ ਹੋਈ ਹੈ।

---------------------------------------------------------------------

ਭਾਰਤ ਅਤੇ ਕੈਨੇਡਾ ਨੇ ਤਜਵੀਜ਼ਸ਼ੁਦਾ ਨਵੀਂ ਦਿੱਲੀ ਵਿੱਚ ਪ੍ਰਸਤਾਵਿਤ

'ਵਿਆਪਕ ਆਰਥਿਕ ਭਾਈਵਾਲੀ ਸਮਝੌਤੇ' ਲਈ ਗੱਲਬਾਤ ਦਾ ਚੌਥਾ ਗੇੜ ਨਵੀਂ ਦਿੱਲੀ ਵਿੱਚ ਸ਼ੁਰੂ ਕਰ ਦਿੱਤਾ ਹੈ। ਦੋਵਾਂ ਦੇਸ਼ਾਂ ਦਾ ਟੀਚਾ 2030 ਤੱਕ ਦੁਵੱਲੇ ਵਪਾਰ ਨੂੰ ਵਧਾ ਕੇ 50 ਅਰਬ  ਡਾਲਰ ਤੱਕ ਪਹੁੰਚਾਉਣਾ ਹੈ। ਪੰਜ ਦਿਨਾਂ ਤੱਕ ਚੱਲਣ ਵਾਲੀ ਇਹ ਗੱਲਬਾਤ ਕੱਲ੍ਹ ਸ਼ੁਰੂ ਹੋਈ ਅਤੇ 18 ਸਤੰਬਰ ਤੱਕ ਜਾਰੀ ਰਹੇਗੀ; ਇਸ ਦੌਰਾਨ ਵਸਤਾਂ ਅਤੇ ਸੇਵਾਵਾਂ ਦੇ ਵਪਾਰ ਅਤੇ ਵਪਾਰ ਵਿੱਚ ਤਕਨੀਕੀ ਰੁਕਾਵਟਾਂ ਵਰਗੇ ਕਈ ਅਹਿਮ ਮੁੱਦਿਆਂ 'ਤੇ ਚਰਚਾ ਕੀਤੀ ਜਾਵੇਗੀ। ਦੋਵਾਂ ਦੇਸ਼ਾਂ ਵਿਚਕਾਰ ਦੁਵੱਲਾ ਵਪਾਰ 2024-25 ਵਿੱਚ 8.66 ਅਰਬ  ਡਾਲਰ ਤੋਂ ਘੱਟ ਕੇ 2025-26 ਵਿੱਚ 7.95 ਅਰਬ  ਡਾਲਰ ਰਹਿ ਗਿਆ, ਜੋ ਕਿ 8.22 ਫੀਸਦੀ ਦੀ ਗਿਰਾਵਟ ਨੂੰ ਦਰਸਾਉਂਦਾ ਹੈ। ਭਾਰਤ ਤੋਂ ਕੈਨੇਡਾ ਨੂੰ ਕੀਤੀਆਂ ਜਾਣ ਵਾਲੀਆਂ ਪ੍ਰਮੁੱਖ ਬਰਾਮਦਾਂ ਵਿੱਚ  ਦਵਾਈਆਂ, ਲੋਹਾ ਅਤੇ ਸਟੀਲ, ਸਮੁੰਦਰੀ ਭੋਜਨ, ਸੂਤੀ ਕੱਪੜੇ, ਇਲੈਕਟ੍ਰਾਨਿਕਸ ਅਤੇ ਰਸਾਇਣ ਸ਼ਾਮਲ ਨੇ |

-------------------------------------------------------------------

ਕੇਂਦਰੀ ਜਾਂਚ ਬਿਊਰੋ (CBI) ਨੇ ਮਰਹੂਮ ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਦੀ ਸਾਬਕਾ ਮੈਨੇਜਰ ਦਿਸ਼ਾ ਸਾਲੀਅਨ ਦੀ ਮੌਤ ਦੇ ਸਬੰਧ ਵਿੱਚ ਇੱਕ FIR ਦਰਜ ਕੀਤੀ ਹੈ। ਦਿਸ਼ਾ ਸਾਲੀਅਨ ਦੀ ਮੌਤ 8 ਜੂਨ 2020 ਨੂੰ ਇੱਕ ਇਮਾਰਤ ਦੀ 12ਵੀਂ ਮੰਜ਼ਿਲ ਤੋਂ ਡਿੱਗਣ ਕਾਰਨ ਹੋਈ

ਸੀ। ਇਹ FIR BOMBAY ਹਾਈ ਕੋਰਟ ਦੇ ਹੁਕਮਾਂ ਤੋਂ ਬਾਅਦ ਦਰਜ ਕੀਤੀ ਗਈ ਹੈ। ਇਸ ਵਿੱਚ ਕਈ ਵਿਅਕਤੀਆਂ ਦੇ ਨਾਮ ਸ਼ਾਮਲ ਨੇ , ਜਿਨ੍ਹਾਂ ਵਿੱਚ ਸਾਬਕਾ ਮੁੱਖ ਮੰਤਰੀ ਊਧਵ ਠਾਕਰੇ, ਆਦਿਤਿਆ ਠਾਕਰੇ, ਉਨ੍ਹਾਂ ਦੇ ਸੁਰੱਖਿਆ ਕਰਮਚਾਰੀ, ਡੀਨੋ ਮੋਰਿਆ, ਰੋਹਨ ਰਾਏ, ਸੂਰਜ ਪੰਚੋਲੀ, ਰੀਆ ਚੱਕਰਵਰਤੀ, ਸ਼ੋਵਿਕ ਚੱਕਰਵਰਤੀ ਅਤੇ ਪੁਲਿਸ ਅਧਿਕਾਰੀ ਸਚਿਨ ਵਾਜ਼ੇ ਤੇ ਪਰਮਬੀਰ ਸਿੰਘ ਸ਼ਾਮਲ ਨੇ।

---------------------------------------------------------------------

ਭਾਰਤ ਦੇ ਚੀਫ ਜਸਟਿਸ ਸੂਰਿਆ ਕਾਂਤ ਨੇ ਜੱਜਾਂ ਵਿਰੁੱਧ ਸ਼ਿਕਾਇਤਾਂ ਦੇ ਨਿਪਟਾਰੇ ਲਈ ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਵੱਲੋਂ ਵਿਕਸਤ ਕੀਤੀ ਗਈ ਪ੍ਰਣਾਲੀ ਨੂੰ ਮਜ਼ਬੂਤ, ਸਰਗਰਮ ਅਤੇ ਸਮਾਂ-ਬੱਧ ਦੱਸਿਆ ਹੈ। ਉਨ੍ਹਾਂ ਨੇ ਨਿਆਂਪਾਲਿਕਾ ਅੰਦਰ ਨਿਰੰਤਰ ਸੁਧਾਰ ਅਤੇ ਵਧੇਰੇ ਪਾਰਦਰਸ਼ਤਾ ਦੀ ਲੋੜ 'ਤੇ ਜ਼ੋਰ ਦਿੱਤਾ। ਨਵੀਂ ਦਿੱਲੀ ਵਿੱਚ ਛੇਵੇਂ 'ਰਾਮ ਜੇਠਮਲਾਨੀ ਮੈਮੋਰੀਅਲ ਲੈਕਚਰ' ਵਿੱਚ ਮੁੱਖ ਭਾਸ਼ਣ ਦਿੰਦਿਆਂ ਉਨ੍ਹਾਂ ਕਿਹਾ ਕਿ ਸੁਧਾਰ ਇੱਕ ਨਿਯਮਤ ਪ੍ਰਕਿਰਿਆ ਹੋਣੀ ਚਾਹੀਦੀ ਹੈ ਅਤੇ ਕੋਈ ਵੀ ਸੰਸਥਾ ਸਥਿਰ ਰਹਿਣ 'ਤੇ ਮਾਣ ਨਹੀਂ ਕਰ ਸਕਦੀ। ਉਨ੍ਹਾਂ ਕਿਹਾ ਕਿ ਨਿਆਂਪਾਲਿਕਾ ਨੇ ਆਲੋਚਨਾ ਦੀ ਮਹੱਤਤਾ ਨੂੰ ਸਵੀਕਾਰ ਕੀਤਾ ਹੈ ਅਤੇ ਸੁਪਰੀਮ ਕੋਰਟ ਦੇ ਇਸ ਪੱਖ ਨੂੰ ਦੁਹਰਾਇਆ ਹੈ ਕਿ ਇਹ ਸੰਸਥਾ ਆਲੋਚਨਾ ਤੋਂ ਪਰਹੇਜ਼ ਨਹੀਂ ਕਰਦੀ ਜਸਟਿਸ ਸੂਰਿਆ

ਕਾਂਤ ਨੇ ਜ਼ੋਰ ਦੇ ਕੇ ਕਿਹਾ ਕਿ ਕੋਈ ਵੀ ਅਦਾਲਤ ਖੁਦ ਨੂੰ ਜਾਂਚ-ਪੜਤਾਲ ਤੋਂ ਪਰੇ ਰੱਖ ਕੇ ਜਨਤਕ ਭਰੋਸਾ ਹਾਸਲ ਕਰਨ ਦੀ ਉਮੀਦ ਨਹੀਂ ਕਰ ਸਕਦੀ; ਇਸ ਦੀ ਬਜਾਏ, ਇਸ ਨੂੰ ਜਾਂਚ, ਸਵਾਲ-ਜਵਾਬ ਅਤੇ—ਜਿੱਥੇ ਲੋੜ ਹੋਵੇ—ਆਲੋਚਨਾ ਲਈ ਖੁੱਲ੍ਹਾ ਰਹਿਣਾ ਚਾਹੀਦਾ ਹੈ।

------------------------------------------------------------------------

ਰਾਜਸਥਾਨ 'ਚ ਸ਼ਹਿਰੀ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਦੀ ਜਿੱਤ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਜ ਦੇ ਲੋਕਾਂ ਦਾ ਧੰਨਵਾਦ ਕੀਤਾ ਹੈ। ਇਕ ਸੋਸ਼ਲ ਮੀਡੀਆ ਪੋਸਟ ਵਿੱਚ, ਪ੍ਰਧਾਨ ਮੰਤਰੀ ਨੇ ਕਿਹਾ ਕਿ ਪਾਰਟੀ ਦੀ ਜਿੱਤ ਝੂਠ ਦੀ ਗੂੰਜ ਉਧਰ 'ਤੇ ਸੱਚ ਦੀ ਜਿੱਤ ਦਾ ਪ੍ਰਮਾਣ ਹੈ। ਸ੍ਰੀ ਮੋਦੀ ਨੇ ਕਿਹਾ ਕਿ ਰਾਜਸਥਾਨ ਦੇ ਲੋਕਾਂ ਨੇ ਇੱਕ ਵਾਰ ਫਿਰ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਉਹ 'ਡਬਲ-ਇੰਜਣ' ਸਰਕਾਰ ਅਧੀਨ ਚੰਗੇ ਸ਼ਾਸਨ ਅਤੇ ਵਿਕਾਸ ਦੀਆਂ ਨੀਤੀਆਂ ਦਾ ਪੂਰੀ ਤਰ੍ਹਾਂ ਸਮਰਥਨ ਕਰਦੇ ਨੇ । ਉਨ੍ਹਾਂ ਅੱਗੇ ਕਿਹਾ ਕਿ ਇਸ ਨਾਲ ਨਾ ਸਿਰਫ਼ ਰਾਜ ਤਰੱਕੀ ਦੀਆਂ ਨਵੀਆਂ ਉਚਾਈਆਂ 'ਤੇ ਪਹੁੰਚੇਗਾ, ਸਗੋਂ ਹਰ ਵਿਅਕਤੀ ਦੇ ਜੀਵਨ ਵਿੱਚ ਖੁਸ਼ਹਾਲੀ ਲਿਆਉਣ ਦੇ ਸਰਕਾਰ ਦੇ ਸੰਕਲਪ ਨੂੰ ਵੀ ਮਜ਼ਬੂਤੀ ਮਿਲੇਗੀ।

------------------------------------------------------------------------

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਰੂਸ

ਅਤੇ ਯੂਕਰੇਨ ਇੱਕ-ਦੂਜੇ ਦੇ ਊਰਜਾ ਟਿਕਾਣਿਆਂ 'ਤੇ ਹਮਲੇ ਰੋਕਣ ਲਈ ਸਹਿਮਤ ਹੋ ਗਏ ਨੇ । ਹਾਲਾਂਕਿ, ਉਨ੍ਹਾਂ ਨੇ ਇਸ ਸਮਝੌਤੇ ਨੂੰ ਲਾਗੂ ਕਰਨ ਬਾਰੇ ਕੋਈ ਵੇਰਵਾ ਨਹੀਂ ਦਿੱਤਾ। ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' (Truth Social) 'ਤੇ ਇੱਕ ਪੋਸਟ ਵਿੱਚ, ਸ੍ਰੀ ਟਰੰਪ ਨੇ ਕਿਹਾ ਕਿ ਯੂਕਰੇਨ ਰੂਸੀ ਊਰਜਾ ਟਿਕਾਣਿਆਂ 'ਤੇ ਹਮਲਾ ਨਾ ਕਰਨ ਲਈ ਰਾਜ਼ੀ ਹੋ ਗਿਆ ਹੈ ਅਤੇ ਰੂਸ ਨੇ ਵੀ ਆਪਣੀ ਸਹਿਮਤੀ ਜਤਾਈ ਏ । ਹਾਲਾਂਕਿ, ਪੋਸਟ ਵਿੱਚ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਇਸ ਸਮਝੌਤੇ ਹੇਠ ਕਿਹੜੇ ਊਰਜਾ ਟਿਕਾਣੇ ਆਉਣਗੇ ਜਾਂ ਕੀ ਕਿਸੇ ਧਿਰ ਨੇ ਕੋਈ ਸ਼ਰਤਾਂ ਰੱਖੀਆਂ ਨੇ । ਰਾਸ਼ਟਰਪਤੀ ਟਰੰਪ ਨੇ ਇਸ ਦੌਰਾਨ, ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਕਿਹਾ ਹੈ ਕਿ ਜੇਕਰ ਇਸ ਦੇ ਸਹਿਯੋਗੀ ਦੇਸ਼ ਰੂਸ ਤੋਂ ਯੂਕਰੇਨ ਦੇ ਅਹਿਮ ਬੁਨਿਆਦੀ ਢਾਂਚੇ 'ਤੇ ਹਮਲੇ ਨਾ ਕਰਨ ਦੀ ਪੱਕੀ ਵਚਨਬੱਧਤਾ ਹਾਸਲ ਕਰ ਸਕਦੇ ਹਨ, ਤਾਂ ਯੂਕਰੇਨ ਰੂਸੀ ਇਲਾਕਿਆਂ 'ਤੇ ਹਮਲੇ ਰੋਕਣ ਲਈ ਤਿਆਰ ਏ ।

---------------------------------------------------------------------

ਪੁਰਸ਼ ਕ੍ਰਿਕਟ ਵਿੱਚ, ਭਾਰਤ ਅੱਜ ਦਿੱਲੀ ਦੇ ਅਰੁਣ ਜੇਤਲੀ ਸਟੇਡੀਅਮ ਵਿੱਚ ਅਫਗਾਨਿਸਤਾਨ ਵਿਰੁੱਧ ਦੂਜਾ 20-20 ਅੰਤਰਰਾਸ਼ਟਰੀ ਮੈਚ ਖੇਡੇਗਾ। ਇਹ ਮੈਚ ਸ਼ਾਮੀ 7:30 ਵਜੇ ਸ਼ੁਰੂ ਹੋਵੇਗਾ। ਐਤਵਾਰ ਨੂੰ ਖੇਡੇ ਗਏ ਪਹਿਲੇ ਮੈਚ ਵਿੱਚ ਸੱਤ ਵਿਕਟਾਂ ਦੀ ਸ਼ਾਨਦਾਰ ਜਿੱਤ ਤੋਂ ਬਾਅਦ

ਭਾਰਤ ਤਿੰਨ ਮੈਚਾਂ ਦੀ ਲੜੀ ਵਿੱਚ 1-0 ਨਾਲ ਅੱਗੇ ਹੈ। ਲੜੀ ਦਾ ਤੀਜਾ ਮੈਚ ਵੀਰਵਾਰ ਨੂੰ ਇਸੇ ਮੈਦਾਨ 'ਤੇ ਖੇਡਿਆ ਜਾਵੇਗਾ।

---------------------------------------------------------------------------

ਏਸ਼ੀਆਈ ਟ੍ਰੈਪ ਚੈਂਪੀਅਨ ਨਿਸ਼ਾਨੇਬਾਜ਼ ਸਾਬੀਰਾ ਹੈਰਿਸ ਦੀ ਅਗਵਾਈ ਹੇਠ, 20 ਮੈਂਬਰੀ ਭਾਰਤੀ ਟੀਮ ਅੱਜ ਤੋਂ ਇਟਲੀ ਵਿੱਚ ਸ਼ੁਰੂ ਹੋਣ ਵਾਲੇ ISSF ਜੂਨੀਅਰ ਵਿਸ਼ਵ ਕੱਪ (ਸ਼ਾਟਗਨ) ਵਿੱਚ ਹਿੱਸਾ ਲਵੇਗੀ। ਇਹ ਮੁਕਾਬਲਾ 19 ਸਤੰਬਰ ਨੂੰ ਖਤਮ ਹੋਵੇਗਾ । ਭਾਰਤੀ ਟੀਮ ਪੰਜ ਤਮਗਾ ਮੁਕਾਬਲਿਆਂ ਵਿੱਚ ਹਿੱਸਾ ਲਵੇਗੀ, ਜਿਨ੍ਹਾਂ ਵਿੱਚ ਪੁਰਸ਼ਾਂ ਅਤੇ ਔਰਤਾਂ ਦੇ ਟ੍ਰੈਪ ਅਤੇ ਸਕੀਟ ਮੁਕਾਬਲੇ ਦੇ ਨਾਲ-ਨਾਲ ਮਿਕਸਡ ਟੀਮ ਟ੍ਰੈਪ ਮੁਕਾਬਲਾ ਵੀ ਸ਼ਾਮਲ ਹੈ। ਸਾਬੀਰਾ ਹੈਰਿਸ ਭਾਰਤ ਦੀਆਂ ਚੋਟੀ ਦੀਆਂ ਤਮਗਾ ਦਾਅਵੇਦਾਰਾਂ ਵਿੱਚੋਂ ਇੱਕ ਹੈ |

---------------------------------------------------------------------------

ਮੌਸਮ ਵਿਭਾਗ ਨੇ ਅੱਜ ਪੰਜਾਬ, ਹਰਿਆਣਾ, ਚੰਡੀਗੜ੍ਹ ਤੇ ਦਿੱਲੀ ਵਿਚ ਤੇਜ਼ ਮੀਂਹ ਪੈਣ ਦੀ ਪੇਸ਼ੀਨਗੋਈ ਕੀਤੀ ਏ | ਅਗਲੇ 2 ਤੋਂ 3 ਦਿਨਾਂ ਤੱਕ ਜੰਮੂ ਕਸ਼ਮੀਰ, ਲੱਦਾਖ , ਰਾਜਸਥਾਨ ਤੇ ਬਿਹਾਰ ਵਿੱਚ ਗਰਜ ਨਾਲ ਬਿਜਲੀ ਲਿਸ਼ਕਣ ਦੀ ਸੰਭਾਵਨਾ ਏ |

---------------------------------------------------------------------------

ਸਰਕਾਰ ਨੇ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਉਸ ਵੀਡੀਓ ਦਾ ਖੰਡਨ ਕੀਤਾ ਹੈ। ਜਿਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਕੇਂਦਰ

ਸਰਕਾਰ 50,000 ਰੁਪਏ ਤੋਂ ਘੱਟ ਕਮਾਈ ਕਰਨ ਵਾਲੇ ਵਿਅਕਤੀਆਂ ਨੂੰ ਮੁਫ਼ਤ ਕਾਰ ਦੇਵੇਗੀ। ਪ੍ਰੈੱਸ ਇਨਫਰਮੇਸ਼ਨ ਬਿਊਰੋ ਦੀ 'ਫੈਕਟ ਚੈੱਕ ਯੂਨਿਟ' ਨੇ ਕਿਹਾ ਹੈ ਕਿ ਇਹ ਦਾਅਵਾ ਝੂਠਾ ਹੈ ਅਤੇ ਇਹ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕਰਕੇ ਤਿਆਰ ਕੀਤਾ ਗਿਆ ਹੈ। PIB ਨੇ ਸਪੱਸ਼ਟ ਕੀਤਾ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ  ਮੋਦੀ ਨੇ ਅਜਿਹਾ ਕੋਈ ਐਲਾਨ ਨਹੀਂ ਕੀਤਾ ਏ ।

-----------------------------------------------------------------

ਜੰਮੂ-ਕਸ਼ਮੀਰ ਦੇ ਰਿਆਸੀ ਜ਼ਿਲ੍ਹੇ ਵਿੱਚ ਬੱਕਲ ਸੁਰੰਗ ਇਲਾਕੇ  ਨੇੜੇ ਸੋਮਵਾਰ ਨੂੰ ਇੱਕ ਮਿੰਨੀ-ਪੈਸੰਜਰ ਬੱਸ ਦੇ ਪਲਟਣ ਕਾਰਨ ਦੋ ਲੋਕਾਂ ਦੀ ਮੌਤ ਹੋ ਗਈ ਅਤੇ ਸੱਤ ਹੋਰ ਜ਼ਖ਼ਮੀ ਹੋ ਗਏ। ਜੰਮੂ ਤੋਂ ਸਾਡੇ ਪੱਤਰਕਾਰ ਨੇ ਦੱਸਿਆ ਕਿ ਬੱਸ ਬੱਕਲ ਤੋਂ ਰਿਆਸੀ ਵੱਲ ਜਾ ਰਹੀ ਸੀ ਜਦੋਂ ਇਹ ਸੁਰੰਗ ਨੇੜੇ ਸੜਕ 'ਤੇ ਪਲਟ ਗਈ। ਪੁਲਿਸ ਅਤੇ ਬਚਾਅ ਦਲ ਮੌਕੇ 'ਤੇ ਪਹੁੰਚੇ ਅਤੇ ਜ਼ਖ਼ਮੀਆਂ ਨੂੰ ਇਲਾਜ ਲਈ ਨੇੜਲੇ ਹਸਪਤਾਲ ਵਿੱਚ ਦਾਖਲ ਕਰਵਾਇਆ।

-----------------------------------------------------------------

- ਸਰਕਾਰ ਨੇ ਕਿਹਾ ਹੈ ਕਿ 2000 ਰੁਪਏ ਤੱਕ ਦੇ UPI ਭੁਗਤਾਨ ਤੇ ਬੈਂਕ ਕੋਈ ਚਾਰਜ ਨਹੀਂ ਲਗਾ ਸਕਦੇ ।

- ਪ੍ਰਤਿਸ਼ਠਤ 'ਵਰਲਡ ਸਰਕੂਲਰ ਇਕਾਨਮੀ ਫੋਰਮ 2026 ਸੰਮੇਲਨ ' ਅੱਜ ਤੋਂ ਗਾਂਧੀਨਗਰ 'ਚ ਸ਼ੁਰੂ ਹੋ ਰਿਹਾ ਏ |

- ਭਾਰਤ ਅਤੇ ਕੈਨੇਡਾ ਵਿਚਕਾਰ ਤਜਵੀਜ਼ਸ਼ੁਦਾ ਵਿਆਪਕ ਵਪਾਰ ਸਮਝੌਤੇ ਤੇ ਗੱਲਬਾਤ ਦਾ ਅਗਲਾ ਗੇੜ ਨਵੀਂ ਦਿੱਲੀ ਵਿੱਚ ਸ਼ੁਰੂ ਹੋ ਗਿਆ |

- ਚੀਫ ਜਸਟਿਸ ਸੂਰਿਆ ਕਾਂਤ ਨੇ ਜੱਜਾਂ ਵਿਰੁੱਧ ਸ਼ਿਕਾਇਤਾਂ ਦੇ ਨਿਪਟਾਰੇ ਲਈ ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਵੱਲੋਂ ਵਿਕਸਤ ਪ੍ਰਣਾਲੀ ਨੂੰ ਮਜ਼ਬੂਤ ਤੇ ਕਾਰਗਰ ਦੱਸਿਆ ਏ।

- ਭਾਰਤ ਅਤੇ ਅਫਗਾਨਿਸਤਾਨ ਵਿਚਕਾਰ ਦੂਜਾ 20-20 ਅੰਤਰਰਾਸ਼ਟਰੀ ਕ੍ਰਿਕੇਟ ਮੈਚ ਅੱਜ ਦਿੱਲੀ ਵਿੱਚ ਖੇਡਿਆ ਜਾਏਗਾ |

---

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ ਸਾਡਾ ਅਗਲਾ ਪ੍ਰਾਦੇਸ਼ਿਕ ਬੁਲੇਟਿਨ ਦੁਪਹਿਰ ਬਾਅਦ 1 ਵਜ ਕੇ 10 ਮਿੰਟ ‘ਤੇ ਹੋਏਗਾ. ਨਮਸ੍ਕਾਰ**